ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਪੰਜਵੀ ਮੰਜਿਲ, ਬਲਾਕ ਈ,ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ), ਫੇਜ਼ 8, ਐਸ.ਐਸ.ਏ ਨਗਰ (ਮੁਹਾਲੀ)

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ), ਪੰਜਾਬ
2. ਸਮੂਹ ਪ੍ਰਿੰਸੀਪਲ, ਡਾਇਟ, ਪੰਜਾਬ
3. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ

ਮੀਮੋ ਨੰ: ਸਸਅ/ਰਮਸਅ/2017 430
ਮਿਤੀ: 11|01|2017

**ਵਿਸ਼ਾ: ਸ਼ਾਲਾ ਸਿੱਧੀ ਪ੍ਰੋਗਰਾਮ ਅਧੀਨ ਐਜੂਸੈਟ ਰਾਹੀਂ ਟ੍ਰੇਨਿੰਗ ਕਰਵਾਉਣ ਸਬੰਧੀ।**

1.0 ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਦੇ ਹੁਕਮਾ ਦੀ ਪਾਲਨਾ ਹਿੱਤ ਸ਼ਾਲਾ ਸਿੱਧੀ ਪ੍ਰੋਗਰਾਮ ਅਧੀਨ ਇਕ ਦਿਨ ਲਈ ਪੰਜਾਬ ਰਾਜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਜ਼ ਅਤੇ ਸਰਕਾਰੀ ਹਾਈ ਸਕੂਲਾਂ ਦੇ ਮੁੱਖ ਅਧਿਆਪਕਾਂ ਦੀ ਮਿਤੀ 12-01-2017 ਨੂੰ ਐਜੂਸੈਟ ਰਾਹੀਂ ਟ੍ਰੇਨਿੰਗ ਦਿੱਤੀ ਜਾਣੀ ਹੈ।ਜਿਸ ਦੀ ਸਮਾਂ ਸਾਰਨੀ ਹੇਠ ਲਿਖੇ ਅਨੁਸਾਰ ਹੋਵੇਗੀ:-

| | |
|---|---|
| Date: | 12-01-2017 (Monday) |
| Time: | 10:00 am to 3:20 pm |
| Venue: | Edusat (ROT) Rooms of School |
| Topic: | One day training on Shaala Sidhi Programme |

2.0 ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ/ਸਰਕਾਰੀ ਹਾਈ ਸਕੂਲਾਂ ਦੇ ਪ੍ਰਿੰਸੀਪਲਜ਼/ਮੁੱਖ ਅਧਿਆਪਕਾਂ ਵੱਲੋਂ ਉਕਤ ਸ਼ਡਿਊਲ ਅਨੁਸਾਰ ਆਪਣੇ ਹੀ ਸਕੂਲ ਵਿੱਚ ਐਜੂਸੈਟ ਰਾਹੀਂ ਟ੍ਰੇਨਿੰਗ ਵਿੱਚ ਸ਼ਮੂਲੀਅਤ ਕਰਨਾ ਸੰਬੰਧਤ ਸਕੂਲ ਪ੍ਰਿੰਸੀਪਲ/ਮੁੱਖ ਅਧਿਆਪਕ ਵੱਲੋਂ ਯਕੀਨੀ ਬਣਾਇਆ ਜਾਵੇਗਾ ਅਤੇ ਇਸ ਸਮੇਂ ਦੌਰਾਨ ਐਜੂਸੈਟ ਦਾ ਚਾਲੂ ਹਾਲਤ ਵਿੱਚ ਯਕੀਨੀ ਬਣਾਉਣਾ ਵੀ ਸਕੂਲ ਮੁੱਖੀ ਦੀ ਜਿੰਮੇਵਾਰੀ ਹੋਵੇਗੀ।ਜੇਕਰ ਕਿਸੇ ਤਕਨੀਕੀ ਕਾਰਨ ਕਰਕੇ ਕਿਸੇ ਸਕੂਲ ਦਾ ਐਕੂਜੇਟ ਕੰਮ ਨਹੀਂ ਕਰ ਰਿਹਾ ਤਾਂ ਸਕੂਲ ਮੁੱਖੀ ਵੱਲੋਂ ਸੰਬੰਧਤ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਦੇ ਧਿਆਨ ਵਿੱਚ ਲਿਆਂਦਾ ਜਾਵੇ। ਜੇਕਰ ਸਮਾਂ ਰਹਿੰਦੇ ਸੰਬੰਧਤ ਸਕੂਲ ਦਾ ਐਜੂਸੈਟ ਚਾਲੂ ਨਾ ਹੋ ਸਕੇ ਤਾਂ ਸੰਬੰਧਤ ਸਕੂਲ ਮੁੱਖੀ ਵੱਲੋਂ ਜਿਲ੍ਹਾ ਐਜੂਸੈਟ ਕੋਆਡੀਨੇਟਰ ਦੇ ਸਹਿਯੋਗ ਨਾਲ ਕਿਸੇ ਨੇੜੇ ਦੇ ਸਕੂਲ ਵਿੱਚ ਆਪਣੇ ਪੱਧਰ ਤੇ ਆਪਣੇ ਸਕੂਲ ਦੇ ਅਧਿਆਪਕਾਂ ਦੀ ਟ੍ਰੇਨਿੰਗ ਦਾ ਪ੍ਰਬੰਧ ਕਰਵਾਇਆ ਜਾਵੇਗਾ।

3.0 ਉੱਕਤ ਟ੍ਰੇਨਿੰਗ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿੱ), ਸੰਬੰਧਤ ਪ੍ਰਿੰਸੀਪਲ, ਡਾਇਟ, ਪੰਜਾਬ ਅਤੇ ਸੰਬੰਧਤ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ, ਪੰਜਾਬ ਵੱਲੋਂ ਇਸ ਟ੍ਰੇਨਿੰਗ ਦੌਰਾਨ ਦਫਤਰੀ ਸਹੂਲਤ

ਅਨੁਸਾਰ monitoring ਕੀਤੀ ਜਾਵੇਗੀ ਅਤੇ ਟ੍ਰੇਨਿੰਗ ਬਾਰੇ ਟਿੱਪਣੀ/ਸੁਝਾਅ (ਜਕੇਰ ਕੋਈ ਹੋਵੇ) ਤਾਂ ਸਿੱਧੇ ਤੌਰ 'ਤੇ ਇਸ ਦਫ਼ਤਰ ਨੂੰ Email Id: aspdsst@gmail.com 'ਤੇ ਭੇਜੀ ਜਾਵੇ।

4.0 ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ ਵੱਲੋਂ ਸੰਬੰਧਤ ਸਰਕਾਰੀ ਸੀ.ਸੈ.ਸਕੂਲ ਅਤੇ ਸਰਕਾਰੀ ਹਾਈ ਸਕੂਲ ਦੇ ਪ੍ਰਿੰਸੀਪਲਜ਼/ਮੁੱਖੀਆਂ ਦਾ ਇਸ ਟ੍ਰੇਨਿੰਗ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਐਜੂਸੈਟ, ਪੰਜਾਬ।

ਪਿੱਠ ਅੰਕਣ ਨੰ: -ਉੱਕਤ- ਮਿਤੀ: 11-01-2017

ਉਪਰੋਕਤ ਦਾ ਉਤਾਰਾ:-

1. ਡਾ. ਪਰਮਿੰਦਰ ਰਾਇਨਾ, ਸ੍ਰੀ ਗੁਰਚਰਨ ਸਿੰਘ ਅਤੇ ਸ੍ਰੀ ਹਰਵਿੰਦਰ ਸਿੰਘ ਬਤੌਰ ਰਿਸੋਰਸ ਪਰਸਨ, ਡਾਇਟ ਸ਼ੇਖੋਪੁਰਾ, ਕਪੂਰਥਲਾ, ਪੰਜਾਬ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2. ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ (ਐਜੂਸੈਟ) ਨੂੰ ਭੇਜ ਕੇ ਲਿੱਖਿਆ ਜਾਂਦਾ ਹੈ ਕਿ ਮਿਤੀ 12-01-2017 ਨੂੰ ਐਜੂਸੈਟ ਰਾਹੀਂ ਕਰਵਾਈ ਜਾਣ ਵਾਲੀ ਟ੍ਰੇਨਿੰਗ ਸਬੰਧੀ ਕਾਰਵਾਈ ਕਰ ਲਈ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਐਜੂਸੈਟ, ਪੰਜਾਬ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਬਠਿੰਡਾ

ਪਿਠਅੰਕਣ ਨੰ: ਐਜੂਸੈਟ ( ) 2017/ ਸਪੈਸ਼ਲ ਮਿਤੀ: 11-01-2017

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ, ਜਿਲ੍ਹਾ ਬਠਿੰਡਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

11/1/17

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਬਠਿੰਡਾ